**ਜਮਾਤ-ਸੱਤਵੀਂ**

# ਆਪਣੇ ਪਿੰਡ ਦੇ ਸਰਪੰਚ ਨੂੰ ਮੁਹੱਲੇ ਦੀ ਸਫ਼ਾਈ ਅਤੇ ਗੰਦੇ ਪਾਣੀ ਦੇ ਪ੍ਰਬੰਧ ਨੂੰ ਸੁਧਾਰਨ ਲਈ ਪੱਤਰ।

ਸੇਵਾ ਵਿਖੇ

ਸਰਪੰਚ ਸਾਹਿਬ,
ਗ੍ਰਾਮ ਪੰਚਾਇਤ,
ਪਿੰਡ-ਦੇਧਨਾ।

ਸ੍ਰੀਮਾਨ ਜੀ,

ਇਸ ਪੱਤਰ ਰਾਹੀਂ ਮੈਂ ਆਪ ਜੀ ਦਾ ਧਿਆਨ ਸਾਡੇ ਮੁਹੱਲੇ ਪ੍ਰੀਤ-ਨਗਰ ਵੱਲ ਦਿਵਾਉਣਾ ਚਾਹੁੰਦਾ ਹਾਂ।ਇਸ ਵਿੱਚ ਸਾਰੇ ਪਾਸੇ ਗੰਦਗੀ ਦੇ ਢੇਰ ਲੱਗੇ ਨਜ਼ਰ ਆਉਂਦੇ ਹਨ।

ਇੱਥੇ ਗੰਦੇ ਪਾਣੀ ਦੇ ਨਿਕਾਸ ਲਈ ਵੀ ਉਚਿਤ ਪ੍ਰਬੰਧ ਨਹੀਂ ਹੈ।ਨਾਲੀਆਂ ਦਾ ਗੰਦਾ ਪਾਣੀ ਗਲੀਆਂ ਵਿੱਚ ਭਰਨ ਕਰਕੇ ਸਾਰੇ ਪਾਸੇ ਬਦਬੂ ਫ਼ੈਲੀ ਹੋਈ ਹੈ।

ਸ਼੍ਰੀਮਾਨ ਜੀ ਮੈਂ ਆਪਣੇ ਮੁਹੱਲਾ ਨਿਵਾਸੀਆਂ ਵੱਲੋਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਇੱਥੋਂ ਤੁਰੰਤ ਸਾਰਾ ਕੂੜਾ ਚੁਕਵਾਇਆ ਜਾਵੇ ਤੇ ਗਲੀਆਂ ਅਤੇ ਨਾਲੀਆਂ ਦੀ ਤੁਰੰਤ ਸਫ਼ਾਈ ਕਰਵਾਈ ਜਾਵੇ ਤਾਂ ਜੋ ਮੁਹੱਲਾ ਨਿਵਾਸੀ ਬਿਮਾਰੀਆਂ ਤੋਂ ਬਚੇ ਰਹਿਣ।

ਧੰਨਵਾਦ ਸਹਿਤ,

ਆਪ ਜੀ ਦਾ ਵਿਸ਼ਵਾਸ-ਪਾਤਰ,
ਹਰਮਨ ਸਿੰਘ।
ਮਕਾਨ ਨੰ:137.
ਪ੍ਰੀਤ ਨਗਰ,ਦੇਧਨਾ।

ਮਿਤੀ: 06 ਮਈ,2020.

ਨੋਟ:- ਵਿਦਿਆਰਥੀ ਅਰੰਭ ਵਿੱਚ ਆਪਣੇ ਪਿੰਡ/ ਦਾ ਨਾਂ ਲਿਖਣਗੇ।

ਅਖ਼ੀਰ ਵਿੱਚ ਵੀ ਆਪਣਾ ਨਾਂ ਅਤੇ ਪਤਾ ਹੀ ਲਿਖਣਗੇ।

ਅਵਤਾਰ ਸਿੰਘ,ਪੰਜਾਬੀ ਮਾਸਟਰ ਸ.ਮਿ.ਸ.ਦੇਧਨਾ (ਪਟਿ:) 99886-43700